ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ,
ਚੋਥੀ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਮੋਹਾਲੀ।
(ਕੋਆਰਡੀਨੇਸ਼ਨ ਸ਼ਾਖਾ)

ਸੇਵਾ ਵਿਖੇ

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ
3. ਸਮੂਹ ਪ੍ਰਿੰਸੀਪਲ/ਸਕੂਲ ਮੁੱਖੀ, ਪੰਜਾਬ (ਵੈਬ ਸਾਈਟ ਰਾਹੀਂ)

ਮੀਮੋ ਨੰ: 15/18-2015 ਕੋ ਸੈਲ (1)/45 ਮਿਤੀ: 05-02-2015

ਵਿਸ਼ਾ:- **ਪੈਨਸ਼ਨ ਅਤੇ ਹੋਰ ਸੇਵਾ ਨਿਵਿਰਤੀ ਲਾਭ ਦੇਣ ਸਬੰਧੀ ਪੰਜਵੇ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਬਾਰੇ।**

ਹਵਾਲਾ:- ਰਾਜ ਸਰਕਾਰ, ਵਿੱਤ ਵਿਭਾਗ ( ਵਿੱਤ ਪੈਨਸ਼ਨ ਪਾਲਿਸੀ ਅਤੇ ਤਾਲਮੇਲ ਸਾਖਾ) ਦਾ ਪੱਤਰ ਨੰ:3/23/09-3 ਵਿਪਪਤ/19 ਮਿਤੀ 6-01-2015

1. ਉਪਰੋਕਤ ਵਿਸੇ ਤੇ ਹਵਾਲਾ ਅਧੀਨ ਪੱਤਰ ਰਾਹੀਂ ਸਰਕਾਰ ਵੱਲੋਂ ਆਪਣਾ ਫੈਸਲਾ ਸੂਚਿਤ ਕਰਦੇ ਹੋਏ ਲਿਖਿਆ ਹੈ ਕਿ ਵਿੱਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਨੰ: 3/23/09-3 ਐਫ.ਪੀ.ਪੀ.ਸੀ/1358 ਮਿਤੀ 15-12-2011 ਪਹਿਲਾਂ ਵਾਂਗ ਹੀ ਲਾਗੂ ਰਹਿਣਗੀਆਂ ਅਤੇ ਪੂਰੀ ਪੈਨਸ਼ਨ ਲੈਣ ਲਈ ਕੁਆਲੀਫਾਇੰਗ ਸਰਵਿਸ 33 ਸਾਲ ਤੋਂ ਘਟਾ ਕੇ 25 ਸਾਲ ਕਰਨ ਲਈ ਕਟ ਆਫ ਡੇਟ ਮਿਤੀ 1-12-2011 ਹੀ ਲਾਗੂ ਰਹੇਗੀ।
2. ਪੱਤਰ ਦੀ ਕਾਪੀ ਆਪ ਨੂੰ ਮੁਕੰਮਲ ਜਾਣਕਾਰੀ ਹਿੱਤ ਭੇਜੀ ਜਾਂਦੀ ਹੈ।

ਨੱਥੀ: ਉਕਤ ਅਨੁਸਾਰ

ਇੰਚਾਰਜ ਕੋਆਰਡੀਨੇਸਨ ਸੈਲ
ਦ. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ

ਪਿੱਠ ਅਕੰਣ ਨੰ: ਉਕਤ ਮਿਤੀ: 05-02-2015

ਉਤਾਰਾ ਦਫਤਰ ਡੀ.ਪੀ.ਆਈ (ਸੈਸਿ) ਦੇ ਸਮੂਹ ਅਮਲਾ ਅਧਿਕਾਰੀਆਂ/ਸਾਖਾ ਮੁੱਖੀਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਇੰਚਾਰਜ ਕੋਆਰਡੀਨੇਸਨ ਸੈਲ
ਦ. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ

PUC-I

68 ਰੇ ਡੌਕ 20/01/15

PUC-I

ਨੰ: 3/23/09-3ਵਿਪਪਤ/19

1821 ਮਿਤੀ 14/1/15

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪੈਨਸ਼ਨ ਪਾਲਿਸੀ ਅਤੇ ਤਾਲਮੇਲ ਸ਼ਾਖਾ)

ਮਿਤੀ:ਚੰਡੀਗੜ੍ਹ: 6 ਜਨਵਰੀ, 2015

ਸੇਵਾ ਵਿਖੇ

Pl study and do accordingly

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਡਿਵੀਜ਼ਨਾਂ ਦੇ ਕਮਿਸ਼ਨਰ, ਜ਼ਿਲ੍ਹਾ ਤੇ ਸੈਸ਼ਨ ਜੱਜ ਅਤੇ
ਰਾਜ ਦੇ ਸਾਰੇ ਡਿਪਟੀ ਕਮਿਸ਼ਨਰ ।

16-1-15

21-1-2015

Sr. Asstt.

ਵਿਸ਼ਾ: ਪੈਨਸ਼ਨ ਅਤੇ ਹੋਰ ਸੇਵਾ ਨਿਵਿਰਤੀ ਲਾਭ ਦੇਣ ਸਬੰਧੀ ਪੰਜਵੇਂ ਪੰਜਾਬ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਬਾਰੇ।

*****

ਸ਼੍ਰੀ ਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਵਿੱਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਨੰ: 3/23/09-3FPPC/1358 ਮਿਤੀ 15.12.2011 ਵੱਲ ਧਿਆਨ ਦਿਵਾਉਣ ਅਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਵੱਲੋਂ ਗਠਿਤ ਕੈਬਨਿਟ ਸਬ-ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਪੂਰੀ ਪੈਨਸ਼ਨ ਲੈਣ ਲਈ ਕੁਆਲੀਫਾਇੰਗ ਸਰਵਿਸ 33 ਸਾਲ ਤੋਂ ਘਟਾ ਕੇ 25 ਸਾਲ ਕਰ ਦਿੱਤੀ ਗਈ ਸੀ ਅਤੇ ਇਹ ਲਾਭ ਮਿਤੀ 1.12.2011 ਤੋਂ ਦੇਣ ਦਾ ਫੈਸਲਾ ਕੀਤਾ ਗਿਆ ਸੀ। ਇਸ ਫੈਸਲੇ ਦੇ ਸਨਮੁੱਖ ਜਿਹੜੇ ਕਰਮਚਾਰੀਆਂ ਦੀ ਮਿਤੀ 1.12.2011 ਤੱਕ ਕੁਆਲੀਫਾਇੰਗ ਸਰਵਿਸ 33 ਸਾਲ ਤੋਂ ਘੱਟ ਸੀ ਲੇਕਿਨ 25 ਸਾਲ ਤੋਂ ਜਿਆਦਾ ਬਣਦੀ ਸੀ ਉਨ੍ਹਾਂ ਵੱਲੋਂ ਇਹ ਪੱਤਰ ਮਿਤੀ 1.12.2011 ਦੀ ਬਜਾਏ ਮਿਤੀ 1.1.2006 ਤੋਂ ਲਾਗੂ ਕਰਨ ਲਈ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਸਿਵਲ ਰਿੱਟ ਪਟੀਸ਼ਨ ਨੰ:11373 ਆਫ 2012 ਰਤਨ ਸਿੰਘ ਬਨਾਮ ਪੰਜਾਬ ਸਰਕਾਰ ਅਤੇ ਇਸ ਮਾਮਲੇ ਨਾਲ ਸਬੰਧਤ ਹੋਰ ਵੀ ਕਾਫੀ ਰਿੱਟ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ। ਇਹਨਾਂ ਰਿੱਟ ਪਟੀਸ਼ਨਾਂ ਦਾ ਫੈਸਲਾ ਕਰਦੇ ਹੋਏ ਮਾਨਯੋਗ ਕੋਰਟ ਵੱਲੋਂ ਮਿਤੀ 16.8.2013 ਰਾਹੀਂ ਨਿਰਦੇਸ਼ ਦਿੱਤੇ ਗਏ ਸਨ ਕਿ ਵਿੱਤ ਵਿਭਾਗ ਦੀਆਂ ਹਦਾਇਤਾਂ ਮਿਤੀ 15.12.2011 ਰਾਹੀਂ ਮਿਲਣ ਵਾਲੇ ਲਾਭ ਮਿਤੀ 1.12.2011 ਦੀ ਥਾਂ 01.01.2006 ਤੋਂ ਦਿੱਤੇ ਜਾਣ। ਮਾਨਯੋਗ ਹਾਈਕੋਰਟ ਦੇ ਹੁਕਮ ਮਿਤੀ 16.8.2013 ਵਿਰੁੱਧ ਰਾਜ ਸਰਕਾਰ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਐਲ.ਪੀ.ਏ.ਨੰ:1857 ਆਫ 2013 ਰਤਨ ਸਿੰਘ ਅਤੇ ਹੋਰ ਬਨਾਮ ਪੰਜਾਬ ਸਟੇਟ ਦਾਇਰ ਕੀਤੀ ਗਈ। ਮਾਨਯੋਗ ਹਾਈਕੋਰਟ ਵੱਲੋਂ ਐਲ.ਪੀ.ਏ.ਨੰ:1857 ਆਫ 2013 ਵਿੱਚ ਪਾਸ ਕੀਤੇ ਅੰਤਮ ਹੁਕਮ ਮਿਤੀ 9.7.2014 ਰਾਹੀਂ ਮਿਤੀ 16.8.2013 ਦੇ ਉਪਰੋਕਤ ਫੈਸਲੇ ਨੂੰ ਰੱਦ ਕਰਦੇ ਹੋਏ (set aside) ਅਪੀਲਕਰਤਾ (appellant) ਨੂੰ ਮਿਤੀ 15.12.2011 ਰਾਹੀਂ ਜਾਰੀ ਕੀਤੇ ਗਏ ਪੱਤਰ ਦੇ ਫੈਸਲੇ ਨੂੰ ਲਾਗੂ ਕਰਨ ਸਬੰਧੀ ਫੈਸਲੇ ਨੂੰ ਮੁੜ ਵਿਚਾਰਨ ਦੇ ਨਿਰਦੇਸ਼ ਕੀਤੇ ਗਏ ਸਨ। ਮਾਨਯੋਗ ਕੋਰਟ ਦੇ ਹੁਕਮਾਂ ਦਾ ਆਪਰੇਟਿਵ ਪਾਰਟ ਨਿਮਨ ਅਨੁਸਾਰ ਹੈ:-

> *"......in our **considered opinion** the Ld. Single Judge was correct in holding that the records did not reflect that the fixing of the cut-off date of 1.12.2011 was the result of a conscious decision based on financial consideration/constraints and consequently para 3 of the letter dated 15.12.2011 was rightly quashed. However, in view of the pleaded case of the appellant and the official record reflecting that financial considerations were the dominant factor in fixing the length of qualifying service for grant of full pension, the Ld. Single Judge, instead of, directing that the decision be implemented w.e.f. 1.1.2006 ought to have directed the appellant to reconsider the question of fixation of the cut-off date. Hence to this extent the appeals are allowed. The order of the Ld. Single Judge directing that the benefits conferred vide letter dated 15.12.2011 be implemented w.e.f. 1.1.2006 and, resultantly, the benefits of this letter be also given to employees who retired between 1.1.2006 and 31.11.2011 is set aside.*

*The appellant is directed to reconsider the issue and take a fresh decision with regard to the date of implementation of the decision contained in the letter dated 15.12.2011."*

ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਕੀਤੇ ਹੁਕਮਾਂ ਦੀ ਪਾਲਣਾ ਦੇ ਸਨਮੁੱਖ ਇਸ ਮਾਮਲੇ ਨੂੰ ਸਰਕਾਰ ਦੀ ਪੱਧਰ ਤੇ ਮੁੜ ਵਿਚਾਰਿਆ ਗਿਆ ਹੈ ਅਤੇ ਇਹ ਫੈਸਲਾ ਲਿਆ ਗਿਆ ਕਿ ਵਿੱਤ ਵਿਭਾਗ ਦੀਆਂ ਉਪਰੋਕਤ ਹਦਾਇਤਾਂ ਮਿਤੀ 15.12.2011 ਨੂੰ ਮਿਤੀ 1.12.2011 ਦੀ ਥਾਂ ਮਿਤੀ 1.1.2006 ਤੋਂ ਲਾਗੂ ਕਰਨ ਨਾਲ ਸਰਕਾਰ ਦੀ ਕਾਫੀ ਜਿਆਦਾ ਵਿੱਤੀ ਦੇਣਦਾਰੀ ਹੋ ਜਾਵੇਗੀ। ਇਸ ਲਈ ਵਿੱਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਮਿਤੀ 15.12.2011 ਪਹਿਲਾਂ ਵਾਂਗ ਹੀ ਲਾਗੂ ਰਹਿਣਗੀਆਂ ਅਤੇ ਪੂਰੀ ਪੈਨਸ਼ਨ ਲੈਣ ਲਈ ਕੁਆਲੀਫਾਇੰਗ ਸਰਵਿਸ 33 ਸਾਲ ਤੋਂ ਘਟਾ ਕੇ 25 ਸਾਲ ਕਰਨ ਲਈ ਕਟ ਆਫ ਡੇਟ ਮਿਤੀ 1.12.2011 ਹੀ ਲਾਗੂ ਰਹੇਗੀ।

ਇਹਨਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਵਿਸ਼ਵਾਸ ਪਾਤਰ

(ਊਸ਼ਾ ਸਹਿਗਲ)
ਸੰਯੁਕਤ ਸਕੱਤਰ ਵਿੱਤ

ਪਿੱਠ ਅੰਕਣ ਨੰ: 3/23/09-3ਵਿਪਪਤ/20 ਮਿਤੀ:ਚੰਡੀਗੜ੍ਹ: 6 ਜਨਵਰੀ, 2015

ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯ'ਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1) ਮੁੱਖ ਸਕੱਤਰ,ਪੰਜਾਬ ਸਰਕਾਰ ।
2) ਸਮੂਹ ਵਿੱਤੀ ਕਮਿਸ਼ਨਰ ਅਤੇ ਸਕੱਤਰ,ਪੰਜਾਬ ਸਰਕਾਰ ।
3) ਰੈਜੀਡੈਂਟ ਵਿੱਤੀ ਕਮਿਸ਼ਨਰ,ਪੰਜਾਬ,ਪੰਜਾਬ ਭਵਨ,ਕ'ਪਰਨੀਕਸ ਮਾਰਗ, ਨਵੀ ਦਿੱਲੀ।
4) ਸਕੱਤਰ, ਪੰਜਾਬ ਵਿਧਾਨ ਸਭਾ।

ਸੁਪਰਡੰਟ

ਪਿੱਠ ਅੰਕਣ ਨੰ: 3/23/09-3ਵਿਪਪਤ/21 ਮਿਤੀ:ਚੰਡੀਗੜ੍ਹ: 6 ਜਨਵਰੀ, 2015

ਇਕ ਉਤਾਰਾ ਐਡਵੋਕੇਟ ਜਨਰਲ, ਪੰਜਾਬ, ਨੂੰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਐਲ.ਪੀ.ਏ.ਨੰ:1857 ਆਫ 2013 ਵਿਚ ਪਾਸ ਕੀਤੇ ਅੰਤਰਮ ਹੁਕਮ ਮਿਤੀ 9.7.2014 ਦੇ ਸਬੰਧ ਵਿੱਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਪਿੱਠ ਅੰਕਣ ਨੰ: 3/23/09-3ਵਿਪਪਤ/22 ਮਿਤੀ:ਚੰਡੀਗੜ੍ਹ: 6 ਜਨਵਰੀ, 2015

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯ'ਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

1) ਸਕੱਤਰ ਵਿੱਤ ,ਹਰਿਆਣਾ ਸਰਕਾਰ,ਚੰਡੀਗੜ੍ਹ ।
2) ਸਕੱਤਰ ਵਿੱਤ,ਹਿਮਾਚਲ ਪ੍ਰਦੇਸ਼ ਸਰਕਾਰ,ਸ਼ਿਮਲਾ।
3) ਸਕੱਤਰ ਵਿੱਤ,ਚੰਡੀਗੜ੍ਹ ਪ੍ਰਸ਼ਾਸ਼ਨ(ਯੂ.ਟੀ.),ਚੰਡੀਗੜ੍ਹ ।

ਸੁਪਰਡੰਟ

ਪਿੱਠ ਅੰਕਣ ਨੰ: 3/23/09-3ਵਿਪਪਤ/23 ਮਿਤੀ:ਚੰਡੀਗੜ੍ਹ: 6 ਜਨਵਰੀ, 2015

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਤੇ ਯ'ਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1) ਅਕਾਉਂਟੈਂਟ ਜਨਰਲ (ਵਿੱਤ ਤੇ ਲੇਖਾ) ਪੰਜਾਬ,ਪੈਨਸ਼ਨ-3 ਸ਼ਾਖਾ,ਸੈਕਟਰ 17,ਚੰਡੀਗੜ੍ਹ ।(500 ਕਾਪੀਆਂ)
2) ਅਕਾਉਂਟੈਂਟ ਜਨਰਲ(ਆਡਿਟ) ਪੰਜਾਬ,ਚੰਡੀਗੜ੍ਹ । (20 ਕਾਪੀਆਂ)
3) ਅਕਾਉਂਟੈਂਟ ਜਨਰਲ,ਹਰਿਆਣਾ,ਚੰਡੀਗੜ੍ਹ ।

ਪੰਨਾ-3

4) ਅਕਾਉਂਟੈਂਟ ਜਨਰਲ,ਹਿਮਾਚਲ ਪ੍ਰਦੇਸ਼,ਸ਼ਿਮਲਾ ।

5) ਡਿਪਟੀ ਅਕਾਉਂਟੈਂਟ ਜਨਰਲ, ਦਫਤਰ ਅਕਾਉਂਟੈਂਟ ਜਨਰਲ,ਹਿਮਾਚਲ ਪ੍ਰਦੇਸ਼ ਅਤੇ ਯੂਨੀਅਨ ਟੈਰੀਟਰੀ, ਸੈਕਟਰ 17, ਚੰਡੀਗੜ੍ਹ ।

6) ਪੰਜਾਬ ਰਾਜ ਦੇ ਸਮੂਹ ਖਜ਼ਾਨਾ ਅਫਸਰ।

7) ਸਹਾਇਕ ਪੇ ਐਂਡ ਅਕਾਉਂਟਸ਼ ਅਫਸਰ,ਪੰਜਾਬ,ਪੰਜਾਬ ਭਵਨ,ਨਵੀ ਦਿੱਲੀ ।

8) ਡਾਇਰੈਕਟਰ,ਪੈਨਸ਼ਨ ਅਤੇ ਪੈਨਸ਼ਨਰਜ ਵੈਲਫੇਅਰ,ਪੰਜਾਬ,ਚੰਡੀਗੜ੍ਹ।

9) ਡਾਇਰੈਕਟਰ,ਲੋਕ ਸੰਪਰਕ ਵਿਭਾਗ,ਚੰਡੀਗੜ੍ਹ ।

ਸੁਪਰਡੰਟ